ਐਡਿਨਬਰ੍ਹਾ ਹਾਊਜ਼ਿੰਗ ਐਡਵਾਈਸ ਪਾਰਟਨਰਸ਼ਿਪ (ਈ ਐੱਚ ਏ ਪੀ) ਸ਼ਹਿਰ ਭਰ ਵਿੱਚ ਫਰੀ ਹਾਊਜ਼ਿੰਗ ਸਲਾਹ, ਜਾਣਕਾਰੀ ਅਤੇ ਨੁਮਾਇੰਦਗੀ ਵਾਲੀ ਸਰਵਿਸ ਹੈ। ਅਸੀਂ ਜਿਹੜੇ ਮੁੱਦਿਆਂ ਨਾਲ ਨਿਪਟਦੇ ਹਾਂ ਉਨ੍ਹਾਂ ਵਿੱਚ ਸ਼ਾਮਲ ਹਨ: ਬਾਕਾਇਆ ਕਿਰਾਏ, ਬਾਕਾਇਆ ਮੋਰਟਗੇਜ, ਹਾਊਜ਼ਿੰਗ ਬੈਨਿਫਿਟ ਵਾਲੀਆਂ ਸਮਸਿਆਵਾਂ, ਮਾਲਕ ਮਕਾਨਾਂ ਵਿਰੁੱਧ ਸ਼ਿਕਾਇਤਾਂ ਅਤੇ ਮੁਰੰਮਤਾਂ ਨਾਲ ਸੰਬੰਧਤ ਮੁੱਦੇ। ਅਸੀਂ ਹਾਊਜ਼ਿੰਗ ਆਪਸ਼ੰਜ਼ (ਘਰ ਦੀ ਚੋਣ) ਬਾਰੇ ਸਲਾਹ ਵੀ ਦੇਂਦੇ ਹਾਂ।

ਹਾਊਜ਼ਿੰਗ ਐਡਵਾਈਜ਼ਰ ਨਾਲ ਸੰਪਰਕ ਕਰਨ ਲਈ ਕਿਰਪਾ ਕਰਕੇ ਈ ਐੱਚ ਏ ਪੀ ਨਾਲ 0845 302 4607 ਤੇ ਸੰਪਰਕ ਕਰੋ। ਜਦੋਂ ਵੀ ਲੋੜ ਹੋਈ ਤਾਂ ਅਸੀਂ ਤੁਹਾਡੀ ਐਪੋਆਇੰਟਮੈਂਟ ਸਮੇਂ ਇੰਟਰਪਰੈਟਰ ਦਾ ਪ੍ਰਬੰਧ ਕਰਾਂਗੇ। ਜਦੋਂ ਤੁਸੀਂ ਫੋਨ ਕਰਦੇ ਹੋ ਤਾਂ ਕਿਰਪਾ ਕਰਕੇ ਆਪਣਾ ਨਾਂ, ਫੋਨ ਨੰਬਰ, ਪਤਾ ਅਤੇ ਆਪਣੀ ਬੋਲਣ ਵਾਲੀ ਜ਼ਬਾਨ ਬਾਰੇ ਦੱਸੋ ਅਤੇ ਇਹ ਹਵਾਲਾ ਦਿਓ: ਈ ਐੱਚ ਏ ਪੀ ਟ੍ਰਾਂਸਲੇਸ਼ਨ ਸਰਵਿਸ। ਅਸੀਂ ਕੰਮ ਵਾਲੇ ਦੋ ਦਿਨਾਂ ਅੰਦਰ ਵਾਪਸ ਫੋਨ ਕਰਕੇ ਤੁਹਾਡੀ ਐਪੋਆਇੰਟਮੈਂਟ ਵਾਲੇ ਦਿਨ ਅਤੇ ਸਮੇਂ ਬਾਰੇ ਦੱਸਾਂਗੇ।